Monday, May, 2007

# ਕਿਰਦੇ ਰਿਸ਼ਤਿਆਂ ਦੀਆਂ ਬਾਰੀਕੀਆਂ ਫੋਲਦੇ ਨਾਟਕ 'ਰਾਤ ਚਾਨਣੀ' ਦਾ ਸਫਲ ਮੰਚਨ

## ਇਮਾਨਪਾਲ ਅਤੇ ਸਰਬਜੀਤ ਫਲੋਰਾ ਨੂੰ ਸਮ੍ਰਪਿਤ ਨਾਟਕ ਨੂੰ ਦਰਸ਼ਕਾਂ ਦਾ ਜਬਰਦਸਤ ਹੁੰਗਾਰਾ




13 ਮਈ ਜਗਦੀਪ ਕੈਲੇ : ਪੰਜਾਬੀ ਆਰਟਸ ਐਸੋਸੀਏਸ਼ਨ, ਟੋਰਾਂਟੋ ਦੀ ਪੇਸ਼ਕਸ਼ ਪਾਲੀ ਭੁਪਿੰਦਰ ਦੇ ਲਿਖੇ ਅਤੇ ਬਲਜਿੰਦਰ ਲੇਲਣਾ, ਕੁਲਦੀਪ ਰੰਧਾਵਾ ਵੱਲੋਂ ਨਿਰਦੇਸ਼ਿਤ ਨਾਟਕ 'ਰਾਤ ਚਾਨਣੀ' ਦਾ ਚਿੰਗੂਇਜ਼ੀ ਸੈਕੰਡਰੀ ਸਕੂਲ ਵਿੱਚ ਖੇਡਿਆ ਗਿਆ ਜਿਸ ਵਿੱਚ ਵਿਦੇਸ਼ਾਂ ਵਿੱਚ ਵੱਸਣ ਦੇ ਦਰਦ ਅਤੇ ਮਰਮ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਗਿਆ। ਇਹ ਨਾਟਕ ਮਸ਼ਹੂਰ ਰੰਗਕਰਮੀ ਹਰਭਜਨ ਫਲੋਰਾ ਦੇ ਨੌਜਵਾਨ ਬੇਟੇ ਇਮਾਨਪਾਲ ਅਤੇ ਪਤਨੀ ਸਰਬਜੀਤ ਫਲੋਰਾ ਦੀ ਯਾਦ ਨੂੰ ਸਮ੍ਰਪਿਤ ਸੀ ਜਿਹਨਾਂ ਦੀ ਲੰਬੀ ਬਿਮਾਰੀ ਕਾਰਣ ਅਣਵਕਤ ਮੌਤ ਹੋ ਗਈ ਸੀ। ਇਸ ਨਾਟਕ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਸੀ ਜਿੱਥੇ ਇਹ ਕੈਨੇਡਾ ਦੇ ਸਮਾਜਿਕ ਜੀਵਨ ਦੀਆਂ ਅੰਦਰਲੀਆਂ ਤਹਿਆਂ ਨੂੰ ਫਰੋਲਣ, ਪ੍ਰਵਾਸ ਦੇ ਦਰਦ, ਰਿਸ਼ਤਿਆਂ ਦੇ ਖੋਖਲੇਪਣ ਉੱਤੇ ਚੋਟ ਕਰਨ ਅਤੇ ਦਵੰਦ ਵਿੱਚ ਘਿਰੀ ਜ਼ਿੰਦਗੀ ਨੂੰ ਸੁੱਚਜੇ ਢੰਗ ਨਾਲ ਪੇਸ਼ ਕਰਨ ਵਿੱਚ ਸਫਲ ਰਿਹਾ ਹੈ ਉੱਥੇ ਹੀ ਮਨੁੱਖ ਵਿੱਚ ਔਕੜਾਂ ਦੌਰਾਨ ਵੀ ਜ਼ਿੰਦਗੀ ਵੱਲ ਹਾਂ ਪੱਖੀ ਰਵਈਆ ਰੱਖਣ ਦੀ ਤਾਕਤ ਨੂੰ ਵੀ ਸਾਹਮਣੇ ਲਿਆਂਦਾ ਗਿਆ। ਇਸ

( ਵੇਖੋ ਪੰਨਾ 14)